## CAMPUS NOTES



Officials during the National Space Day event in Ludhiana.

### PUNJAB REMOTE SENSING CENTRE

**Ludhiana:** National Space Day was observed by the Punjab Remote Sensing Centre (PRSC) in collaboration with Space Applications Centre (SAC), Ahmadabad at PRSC, Ludhiana, wherein around 380 students, faculty, Scientists and staff participated. The chief guest Dr B Pateriya, director, PRSC stressed upon the importance of space technology and the lunar missions for the humankind. Dr VK Verma, group head, talked about the background of India's lunar mission and welcomed the experts, students and faculty. Swastik Saini, scientist from SAC, narrated his inspirational journey in space science programme.

ਪੰਜਾਬੀਆਂ ਦਾ ਤਰਜਮਾਨ

ਸਥਾਪਿਤ 1920

ਅਕਾਲੀ ਪਤ੍ਰਿਕਾ

Akali Patrika, Jalandhar

ਜਲੰਧਰ

# ਪੀ.ਆਰ.ਐਸ.ਸੀ. ਵਿਖੇ ਨੈਸ਼ਨਲ ਸਪੇਸ ਦਿਵਸ ਮਨਾਇਆ ਗਿਆ




ਲੁਧਿਆਣਾ 14 ਅਗਸਤ (ਕੁਲਵਿੰਦਰ ਸਿੰਘ ਸਲੇਮ ਟਾਬਰੀ, ਕਰਨੈਲ ਸਿੰਘ ਐਮ.ਏ.)- ਪੰਜਾਬ ਰਿਮੋਟ ਸੈਂਸਿੰਗ ਸੈਂਟਰ (ਪੀ.ਆਰ.ਐਸ.ਸੀ.) ਵੱਲੋਂ ਸਪੇਸ ਐਪਲੀਕੇਸ਼ਨ ਸੈਂਟਰ (ਸੈਕ), ਅਹਿਮਦਾਬਾਦ ਦੇ ਸਹਿਯੋਗ ਨਾਲ ਪੀ.ਆਰ.ਐਸ.ਸੀ. ਲੁਧਿਆਣਾ ਵਿਖੇ ਨੈਸ਼ਨਲ ਸਪੇਸ ਦਿਵਸ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਲਗਭਗ 380 ਵਿਦਿਆਰਥੀਆਂ, ਫੈਕਲਟੀ, ਵਿਗਿਆਨੀਆਂ ਅਤੇ ਸਟਾਫ ਨੇ ਭਾਗ ਲਿਆ। ਭਾਰਤ ਨੇ ਚੰਦਰਯਾਨ-3 ਵਿਕਰਮ ਲੈਂਡਰ 23 ਅਗਸਤ, 2023 ਨੂੰ ਚੰਦਰਮਾ ਦੇ ਦੱਖਣੀ ਧਰੁਵ ਖੇਤਰ ਤੇ ਸਫਲਤਾ ਪੂਰਵਕ ਉਤਾਰਿਆ ਸੀ ਅਤੇ ਇਸ ਕਾਰਨਾਮੇ ਦੀ ਯਾਦ ਕਰਨ ਲਈ, ਹਰ ਸਾਲ 23 ਅਗਸਤ ਨੂੰ ਭਾਰਤ ਸਰਕਾਰ ਦੁਆਰਾ "ਰਾਸ਼ਟਰੀ ਪੁਲਾੜ ਦਿਵਸ ਵਜੋਂ ਘੋਸ਼ਿਤ ਕੀਤਾ ਜਾਂਦਾ ਹੈ। ਰਾਸ਼ਟਰੀ ਪੁਲਾੜ ਦਿਵਸ ਇਸਰੋ ਦੀ ਸਰਪ੍ਰਸਤੀ ਹੇਠ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿੱਚ ਇੱਕੋ ਸਮੇਂ ਆਯੋਜਿਤ ਕੀਤੇ ਸਮਾਗਮਾਂ ਦੀ ਲੜੀ ਦਾ ਹਿੱਸਾ ਹੈ ਆਪਣੇ ਉਦਘਾਟਨੀ ਭਾਸ਼ਨ ਵਿੱਚ ਮੁੱਖ ਮਹਿਮਾਨ ਡਾ. ਬਰਜਿੰਦਰਾ ਪਟੈਰੀਆ, ਡਾਇਰੈਕਟਰ, ਪੀ.ਆਰ.ਐਸ.ਸੀ. ਨੇ ਇਸਰੋ ਦਾ ਧੰਨਵਾਦ ਕੀਤਾ ਅਤੇ ਸਮਾਗਮ ਦੇ ਆਯੋਜਨ ਲਈ ਟੀਮ ਨੂੰ ਵਧਾਈ ਦਿੱਤੀ। ਉਸਨੇ ਮਨੁੱਖ ਜਾਤੀ ਲਈ ਪੁਲਾੜ ਤਕਨਾਲੋਜੀ ਅਤੇ ਚੰਦਰ ਮਿਸ਼ਨਾਂ ਦੀ ਮਹੱਤਤਾ 'ਤੇ ਜੋਰ ਦਿੱਤਾ ਅਤੇ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ। ਡਾ. ਵੀ.ਕੇ.ਵਰਮਾ ਗਰੁੱਪ ਹੈੱਡ ਅਤੇ ਕਨਵੀਨਰ ਐਨ.ਐਸ.ਡੀ. ਨੇ ਚੰਦਰ ਮਿਸ਼ਨ ਦੇ ਪਿਛੋਕੜ ਬਾਰੇ ਦੱਸਿਆ ਅਤੇ ਮਾਹਿਰਾਂ, ਵਿਦਿਆਰਥੀਆਂ ਅਤੇ ਫੈਕਲਟੀ ਦਾ ਸਵਾਗਤ ਕੀਤਾ।

# ਪੀ.ਆਰ.ਐਸ.ਸੀ. ਵਿਖੇ ਨੈਸ਼ਨਲ ਸਪੇਸ ਦਿਵਸ ਮਨਾਇਆ ਗਿਆ




ਫ਼ਤਿਹ ਐਕਸਪ੍ਰੈਸ
fatehexpressnews@gmail.com

ਲੁਧਿਆਣਾ 14 ਅਗਸਤ ( ਕਰਨੈਲ ਸਿਘ ਐੱਮ.ਏ.) ਪੰਜਾਬ ਰਿਮੋਟ ਸੈਸਿੰਗ ਸੈਂਟਰ (ਪੀ.ਆਰ.ਐਸ.ਸੀ.) ਵੱਲੋਂ ਸਪੇਸ ਐਪਲੀਕੇਸ਼ਨ ਸੈਂਟਰ (ਸੈਕ), ਅਹਿਮਦਾਬਾਦ ਦੇ ਸਹਿਯੋਗ ਨਾਲ ਪੀ.ਆਰ.ਐਸ.ਸੀ. ਲੁਧਿਆਣਾ ਵਿਖੇ ਨੈਸ਼ਨਲ ਸਪੇਸ ਦਿਵਸ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਲਗਭਗ 380 ਵਿਦਿਆਰਥੀਆਂ, ਫੈਕਲਟੀ, ਵਿਗਿਆਨੀਆਂ ਅਤੇ ਸਟਾਫ ਨੇ ਭਾਗ ਲਿਆ। ਭਾਰਤ ਨੇ ਚੰਦਰਯਾਨ-3 ਵਿਕਰਮ ਲੈਂਡਰ 23 ਅਗਸਤ, 2023 ਨੂੰ ਚੰਦਰਮਾ ਦੇ ਦੱਖਣੀ ਧਰੁਵ ਖੇਤਰ ਤੇ ਸਫਲਤਾ ਪੂਰਵਕ ਉਤਾਰਿਆ ਸੀ ਅਤੇ ਇਸ ਕਾਰਨਾਮੇ ਦੀ ਯਾਦ ਕਰਨ ਲਈ, ਹਰ ਸਾਲ 23 ਅਗਸਤ ਨੂੰ ਭਾਰਤ ਸਰਕਾਰ ਦੁਆਰਾ ਰਾਸ਼ਟਰੀ ਪੁਲਾੜ ਦਿਵਸ" ਵਜੋਂ ਘੋਸ਼ਿਤ ਕੀਤਾ ਜਾਂਦਾ ਹੈ। ਰਾਸ਼ਟਰੀ ਪੁਲਾੜ ਦਿਵਸ ਇਸਰੋ ਦੀ ਸਰਪ੍ਰਸਤੀ ਹੇਠ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਇੱਕੋ ਸਮੇਂ ਆਯੋਜਿਤ ਕੀਤੇ ਸਮਾਗਮਾਂ ਦੀ ਲੜੀ ਦਾ ਹਿੱਸਾ ਹੈ। ਆਪਣੇ ਉਦਘਾਟਨੀ ਭਾਸ਼ਨ ਵਿੱਚ ਮੁੱਖ ਮਹਿਮਾਨ ਡਾ: ਬਰਜਿੰਦਰਾ ਪਟੈਰੀਆ, ਡਾਇਰੈਕਟਰ, ਪੀ.ਆਰ.ਐਸ.ਸੀ. ਨੇ ਇਸਰੋ ਦਾ ਧੰਨਵਾਦ ਕੀਤਾ ਅਤੇ ਸਮਾਗਮ ਦੇ ਆਯੋਜਨ ਲਈ ਟੀਮ ਨੂੰ ਵਧਾਈ ਦਿੱਤੀ। ਉਸਨੇ ਮਨੁੱਖ ਜਾਤੀ ਲਈ ਪੁਲਾੜ ਤਕਨਾਲੋਜੀ ਅਤੇ ਚੰਦਰ ਮਿਸ਼ਨਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਅਤੇ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ। ਡਾ: ਵੀ.ਕੇ.ਵਰਮਾ ਗਰੁੱਪ ਹੈੱਡ ਅਤੇ ਕਨਵੀਨਰ ਐਨ.ਐਸ.ਡੀ. ਨੇ ਚੰਦਰ ਮਿਸ਼ਨ ਦੇ ਪਿਛੋਕੜ ਬਾਰੇ ਦੱਸਿਆ ਅਤੇ ਮਾਹਿਰਾਂ, ਵਿਦਿਆਰਥੀਆਂ ਅਤੇ ਫੈਕਲਟੀ ਦਾ ਸਵਾਗਤ ਕੀਤਾ। ਸ਼੍ਰੀ ਸਵਾਸਤਿਕ ਸੈਣੀ, ਨੇ ਵਿਦਿਆਰਥੀਆਂ ਨੂੰ ਪੁਲਾੜ ਵਿਗਿਆਨ ਪ੍ਰੋਗਰਾਮ ਤੱਕ ਪ੍ਰੇਰਣਾਦਾਇਕ ਯਾਤਰਾ ਬਾਰੇ ਦੱਸਿਆ ਅਤੇ ਸ਼੍ਰੀ ਰੋਹਿਤ ਨਾਗੋਰੀ,ਸੈਕ ਦੇ ਵਿਗਿਆਨੀ ਨੇ ਚੰਦਰਯਾਨ ਮਿਸ਼ਨ ਅਤੇ ਇਸਦੀ ਸਫਲਤਾ ਕਹਾਣੀ 'ਤੇ ਇੰਟਰਐਕਟਿਵ ਭਾਸ਼ਨ ਦਿੱਤਾ।

20 ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਨੇ ਲੇਖ ਲਿਖਣ, ਕੁਇਜ਼, ਪੇਂਟਿਗ ਅਤੇ ਐਕਟੈਂਪੋਰ ਦੇ ਕਈ ਮੁਕਾਬਲਿਆ ਵਿੱਚ ਭਾਗ ਲਿਆ, ਜਿਸ ਤੋਂ ਬਾਅਦ ਇੰਟਰਐਕਟਿਵ ਸੈਸ਼ਨ ਹੋਇਆ। ਇਨਾਮ ਵੰਡਣ ਅਤੇ ਧੰਨਵਾਦ ਮਤੇ ਨਾਲ ਸਮਾਗਮ ਦੀ ਸਮਾਪਤੀ ਹੋਈ।